# 33

# “ਬੀਜ ਬੀਜਣ ਵਾਲੇ ਦਾ ਦ੍ਰਿਸ਼ਟਾਂਤ ਸੁਣੋ”

## ਮੱਤੀ 13:3-10, 18-23; ਮਰਕੁਸ 4:2-10, 13-20; ਲੂਕਾ 8:4-9, 11-15, ਇਕ ਨੇੜ ਝਾਤ

ਜਿਵੇਂ ਜਿਵੇਂ ਮੈਂ ਪ੍ਰਚਾਰ ਕਰਦਾ ਗਿਆ ਮੈਂ ਇਸ ਗੱਲ ਦਾ ਕਾਇਲ ਹੁੰਦਾ ਗਿਆ ਕਿ ਸੁਣਨ ਵਾਲੇ ਹੀ ਤੈਅ ਕਰਦੇ ਹਨ ਕਿ ਕੋਈ ਸਰਮਨ ਕਿੰਨਾ ਚੰਗਾ ਹੈ। ਹੋ ਸਕਦਾ ਹੈ ਕਿ ਮੇਰੇ ਸਰਮਨ ਨੂੰ ਇਕ ਥਾਂ ਲੋਕ ਬਹੁਤ ਸਲਾਹੁਣ, ਪਰ ਉਹੀ ਸਰਮਨ ਕਿਸੇ ਹੋਰ ਥਾਂ ਬੁਰਾ ਅਤੇ, ਕੁਝ ਸੁਣਨ ਵਾਲਿਆਂ ਨੂੰ ਔਸਤ ਦਰਜੇ ਦਾ ਜਾਂ ਉਸ ਨਾਲੋਂ ਘੱਟ ਲੱਗੇ। ਇਕ ਥਾਂ ਤੇ ਇਕ ਸਰਮਨ ਬਹੁਤ ਸਾਰੇ ਲੋਕਾਂ ਦੇ ਦਿਲ ਤੇ ਅਸਰ ਕਰ ਸਕਦਾ ਹੈ; ਜਦਕਿ ਹੋ ਸਕਦਾ ਹੈ ਕਿ ਦੂਜੀ ਥਾਂ ਉਹੀ ਸਰਮਨ ਕਿਸੇ ਨੂੰ ਪਸੰਦ ਹੀ ਨਾ ਆਏ। ਮੈਨੂੰ ਇਹ ਮੰਨਣ ਪਵੇਗਾ ਕਿ ਹੁਣ ਮੇਰੇ ਸਰਮਨ ਵਿਚ ਕੁਝ ਹੱਦ ਤਕ ਸੁਧਾਰ ਆ ਗਿਆ ਹੈ, ਪਰ ਵੱਡਾ ਫ਼ਰਕ ਤਾਂ ਸੁਣਨ ਵਾਲਿਆਂ ਵਿਚ ਆਇਆ ਲਗਦਾ ਹੈ। ਯਿਸੂ ਨੇ ਇਕ ਵਾਰ ਇਕ ਦ੍ਰਿਸ਼ਟਾਂਤ ਦੱਸਿਆ, ਜਿਸ ਵਿਚ ਜ਼ੋਰ ਦਿੱਤਾ ਗਿਆ ਕਿ ਇੰਜੀਲ ਦੀ ਕਾਮਯਾਬੀ ਵਿਚ ਸੁਣਨ ਵਾਲਿਆਂ ਦਾ ਯੋਗਦਾਨ ਹੁੰਦਾ ਹੈ।[1]

### ਦ੍ਰਿਸ਼ਟਾਂਤ (ਮੱਤੀ 13:3-9; ਮਰਕੁਸ 4:2-9; ਲੂਕਾ 8:4-8)

ਯਿਸੂ ਨੇ ਕਹਿਣਾ ਸ਼ੁਰੂ ਕੀਤਾ, “ਇਕ ਬੀਜਣ ਵਾਲਾ ਬੀਜਣ ਨੂੰ ਨਿੱਕਲਿਆ” (ਮੱਤੀ 13:3)।

#### ਪਹੇ ਵਾਲੀ[2] ਜ਼ਮੀਨ: ਸਖ਼ਤ

“ਬੀਜਦਿਆਂ ਕੁਝ ਪਹੇ ਵੱਲ ਕਿਰ ਪਿਆ ਅਤੇ ਪੰਛੀ ਆਣ ਕੇ ਉਹ ਨੂੰ ਚੁਗ ਗਏ” (ਮੱਤੀ 13:4)। ਉਸ ਜ਼ਮਾਨੇ ਵਿਚ ਫ਼ਲਿਸਤੀਨ ਵਿਚ ਖੇਤਾਂ ਵਿਚ ਵਾੜ ਨਹੀਂ ਹੁੰਦੀ ਸੀ ਅਤੇ ਖੇਤਾਂ ਵਿਚ ਪਹੇ ਬਣੇ ਹੁੰਦੇ ਸਨ। ਇਹ ਪਹੇ ਖੇਤਾਂ ਵਿੱਚੋਂ ਲੰਘਣ ਵਾਲੇ ਲੋਕਾਂ ਦੇ ਚੱਲਣ ਨਾਲ ਸਖ਼ਤ ਹੋ ਜਾਂਦੇ ਸਨ। ਇਨ੍ਹਾਂ ਵਿਚ ਬੀਜ ਮਿਟੀ ਦੇ ਅੰਦਰ ਨਹੀਂ ਜਾ ਸਕਦਾ ਸੀ, ਜਿਸ ਕਰਕੇ ਉਹ ਉੱਥੇ ਹੀ ਪਿਆ ਰਹਿੰਦਾ ਸੀ। ਜਿਸ ਕਰਕੇ “ਮਿੱਧਿਆ ਜਾਂਦਾ ਅਤੇ ਅਕਾਸ਼ ਦੇ ਪੰਛੀ ਉਹ ਨੂੰ ਚੁੱਗ” ਲੈਂਦੇ (ਲੂਕਾ 8:5)।[3]

#### ਪਥਰੀਲੀ ਜ਼ਮੀਨ: ਸਤਹੀ

“ਕੁਝ ਪਥਰੀਲੀ ਜ਼ਮੀਨ ਵਿਚ ਕਿਰਿਆ ਜਿੱਥੇ ਉਹ ਨੂੰ ਬਹੁਤੀ ਮਿੱਟੀ ਨਾ ਮਿਲੀ” (ਮੱਤੀ 13:5)। ਇਹ ਉਹ ਜ਼ਮੀਨ ਸੀ, ਜਿਸ ਦੇ ਹੇਠਾਂ ਪੱਥਰ ਸਨ, ਜੋ ਉੱਤੋਂ ਮਿੱਟੀ ਨਾਲ ਢੱਕੇ ਹੋਏ ਸਨ।[4] ਫ਼ਲਿਸਤੀਨ ਦੇ ਖੇਤਾਂ ਵਿਚ ਸਭ ਪਹਾੜੀ ਦੇਸ਼ਾਂ ਵਾਂਗ ਅਜਿਹੀਆਂ ਬਹੁਤ ਥਾਵਾਂ ਸਨ। ਇਹ ਜ਼ਮੀਨ ਦੇ ਪਹੇ ਦੀ ਜ਼ਮੀਨ ਵਾਂਗ ਸਖ਼ਤ ਹੁੰਦੀ ਸੀ, ਪਰ ਵੇਖਣ ਵਿਚ ਇਹ ਚੰਗੀ ਲਗਦੀ ਸੀ।

ਇਸ ਤਰ੍ਹਾਂ ਦੀ ਜ਼ਮੀਨ ਉੱਤੇ ਜਦੋਂ ਬੀਜ ਕਿਰਿਆ ਤਾਂ ਡੂੰਘੀ ਮਿੱਟੀ ਨਾ ਮਿਲਣ ਕਰਕੇ ਉਹ ਛੇਤੀ ਉੱਗਣ

ਲੱਗਾ। ਪਰ ਜ਼ਮੀਨ ਐਨੀ ਸਤਹੀ ਸੀ ਕਿ ਬੂਟੇ ਜੜ੍ਹ ਨਹੀਂ ਫੜ ਸਕੇ, ''ਅਤੇ ਡੂੰਘੀ ਮਿੱਟੀ ਨਾ ਮਿਲਣ ਕਰਕੇ ਉਹ ਛੇਤੀ ਉੱਗ ਪਿਆ'' (ਆਇਤ 5)। ਨਤੀਜਾ ਇਹ ਹੋਇਆ ਕਿ ''…ਸੂਰਜ ਚੜ੍ਹਿਆ ਤਾਂ ਕੁਮਲਾ ਗਿਆ ਅਤੇ ਜੜ੍ਹ ਨਾ ਫੜਨ [''ਸਲ੍ਹਾਬ ਨਾ ਮਿਲਣ''; ਲੂਕਾ 8:6] ਦੇ ਕਾਰਨ ਸੁੱਕ ਗਿਆ'' (ਮੱਤੀ 13:6)।

**ਝਾੜੀਆਂ ਵਾਲੀ ਜ਼ਮੀਨ: ਵੰਡੀ ਹੋਈ**

''[ਹੋਰ ਬੀਜ] ਕੰਡਿਆਲਿਆਂ ਵਿਚ ਕਿਰਿਆ'' (ਮੱਤੀ 13:7)। ਇਹ ਚੰਗੀ ਅਤੇ ਉਪਜਾਊ ਜ਼ਮੀਨ ਸੀ, ਪਰ ਇਸ ਨੂੰ ਪਹਿਲਾ ਹੀ ਝਾੜੀਆਂ ਨੇ ਘੇਰ ਰੱਖਿਆ ਸੀ। ਜੇ. ਡਬਲਯੂ. ਮੈਕਗਰਵੇ ਨੇ ਲਿਖਿਆ ਹੈ ਕਿ ਫ਼ਲਿਸਤੀਨ ਵਿਚ 16 ਕਿਸਮ ਦੀਆਂ ਝਾੜੀਆਂ ਹਨ ਕਿਤੇ ਕਿਤੇ ਉਹ ਐਨੀਆਂ ਸੰਘਣੀਆਂ ਹੁੰਦੀਆਂ ਹਨ ਕਿ ਘੋੜੇ ਤੇ ਚੜ੍ਹ ਕੇ ਵੀ ਉਨ੍ਹਾਂ ਵਿੱਚੋਂ ਲੰਘਿਆ ਨਹੀਂ ਜਾ ਸਕਦਾ।[5]

ਇਹ ਜ਼ਮੀਨ ਵੇਖਣ ਵਿਚ ਚੰਗੀ ਲੱਗਦੀ ਹੋਵੇਗੀ, ਕਿਉਂਕਿ ਝਾੜੀਆਂ ਉੱਤੋਂ ਕੱਟ ਦਿੱਤੀਆਂ ਗਈਆਂ ਸਨ, ਪਰ ਉਨ੍ਹਾਂ ਦੀਆਂ ਜੜ੍ਹਾਂ ਨਹੀਂ ਕੱਟੀਆਂ ਗਈਆਂ ਸਨ। ਜਦੋਂ ਮੈਂ ਛੋਟਾ ਹੁੰਦਾ ਸੀ ਤਾਂ ਪਿਤਾ ਜੀ ਮੈਨੂੰ ਬਾਗ ਵਿਚ ਗੋਡੀ ਕਰਨਾ ਸਿਖਾਉਂਦੇ ਸਨ, ਮੈਂ ਮੰਨਦਾ ਹਾਂ ਕਿ ਕਈ ਵਾਰ ਮੈਂ ਜੰਗਲੀ ਬੂਟਿਆਂ ਨੂੰ ਉੱਤੋਂ ਉੱਤੋਂ ਹੀ ਕੱਟਦਾ ਸੀ, ਇਸ ਤਰ੍ਹਾਂ ਬਾਗ ਵਿਚ ਬੂਟੀ ਨਜ਼ਰ ਨਹੀਂ ਆਉਂਦੀ ਸੀ, ਅਤੇ ਕੰਮ ਖ਼ਤਮ ਹੋਣ ਵਿਚ ਬਹੁਤਾ ਸਮਾਂ ਵੀ ਨਹੀਂ ਲੱਗਦਾ ਸੀ। ਬੇਸ਼ੱਕ, ਇਸ ਦਾ ਨਤੀਜਾ ਇਹ ਹੁੰਦਾ ਸੀ ਕਿ ਮੈਨੂੰ ਥੋੜ੍ਹੀ ਦੇਰ ਬਾਅਦ ਫੇਰ ਬਾਗ ਦੀ ਗੋਡੀ ਕਰਨੀ ਪੈਂਦੀ ਸੀ!

ਬੀਜ ਨੇ ਇਸ ਜ਼ਮੀਨ ਉੱਤੇ ਵਧ ਕੇ ਜੜ੍ਹ ਫੜ ਲਈ ਪਰ ''ਕੰਡਿਆਲੀਆਂ ਨਾਲ ਹੀ ਵੱਧ ਗਈਆਂ'' (ਲੂਕਾ 8:7)। ਜਿਸ ਕਾਰਨ ''ਕੰਡਿਆਲਿਆਂ ਨੇ ਵੱਧ ਕੇ [ਛੋਟੇ ਬੂਟਿਆਂ ਨੂੰ] ਦਬਾ ਲਿਆ'' (ਮੱਤੀ 13:7)। ਇਕ ਵਾਰ ਮੈਂ ਇਹ ਸਚਿਆਈ ਬਹੁਤ ਦੇਰ ਪਹਿਲਾਂ ਭੁੱਲ ਚੁੱਕੇ ਇਕ ਸਰੋਤ ਵਿੱਚੋਂ ਲਿਖੀ: ''ਜ਼ਮੀਨ ਇਕ ਹੱਦ ਤਕ ਹੀ ਬੂਟੇ ਦਾ ਭਾਰ ਚੁੱਕ ਸਕਦੀ ਹੈ, ਅਤੇ ਹਰ ਵੱਧ ਰਹੇ ਬੂਟੇ ਦਾ ਮਤਲਬ ਹੁੰਦਾ ਹੈ ਜ਼ਮੀਨ ਦਾ ਦਮ ਘੁੱਟਣਾ।'' ਝਾੜੀਆਂ ਨੇ ਬੂਟੇ ਨੂੰ ਉਵੇਂ ਖ਼ਤਮ ਨਹੀਂ ਕੀਤਾ ਸੀ, ਜਿਵੇਂ ਪਥਰੀਲੀ ਜ਼ਮੀਨ ਨੇ ਕੀਤਾ ਸੀ। ਬੂਟੇ ਵਧੇ, ਪਰ ਥੋੜ੍ਹੀ ਦੇਰ ਬਾਅਦ ਉਨ੍ਹਾਂ ਦਾ ਵਾਧਾ ਰੁਕ ਗਿਆ। ਉਨ੍ਹਾਂ ਦੇ ਸਿੱਟੇ ਤਾਂ ਨਿੱਕਲੇ,[6] ਪਰ ਉਹ ਖਾਲੀ ਸਨ, ਜਿਸ ਕਰਕੇ ਬੂਟਾ ''ਨਾ ਫਲਿਆ'' (ਮਰਕੁਸ 4:7)।

**ਚੰਗੀ ਜ਼ਮੀਨ: ਚੀਕਨੀ, ਡੂੰਘੀ ਅਤੇ ਸਾਫ਼**

''ਅਤੇ ਕੁਝ ਚੰਗੀ ਜ਼ਮੀਨ ਵਿਚ ਕਿਰਿਆ'' (ਮੱਤੀ 13:8)। ਇਹ ਚੰਗੀ ਅਤੇ ਉਪਜਾਊ ਜ਼ਮੀਨ ਸੀ, ਜੋ ਬੀਜ ਬੀਜਣ ਲਈ ਤਿਆਰ ਕੀਤੀ ਗਈ ਅਤੇ ਤਿਆਰ ਸੀ। ਇਹ ਦੂਜੀ ਜ਼ਮੀਨ ਨਾਲੋਂ ਉਲਟ ਸੀ। ਪਹੇ ਕੰਢੇ ਦੀ ਜ਼ਮੀਨ ਸਖ਼ਤ ਸੀ, ਜਦ ਕਿ ਇਹ ਜ਼ਮੀਨ ਨਰਮ ਸੀ। ਪਥਰੀਲੀ ਜ਼ਮੀਨ ਘੱਟ ਡੂੰਘੀ ਸੀ, ਪਰ ਇਹ ਡੂੰਘੀ ਸੀ। ਝਾੜੀਆਂ ਵਾਲੀ ਜ਼ਮੀਨ ਵਿਚ ਝਾੜੀਆਂ ਬਹੁਤ ਸਨ, ਪਰ ਇਹ ਜ਼ਮੀਨ ਪੱਧਰੀ ਸੀ। ਇੱਥੇ ਬੀਜ ਬਿਨਾਂ ਕਿਸੇ ਰੁਕਾਵਟ ਦੇ ਵਧ ਸਕਦਾ ਸੀ। ਨਤੀਜਾ ਕੀ ਹੋਇਆ? ਬੀਜ ਇਸ ਜ਼ਮੀਨ ਵਿਚ ''ਫਲਿਆ, ਕੁਝ ਸੌ ਗੁਣਾ, ਕੁਝ ਸੱਠ ਗੁਣਾ, ਕੁਝ ਤੀਹ ਗੁਣਾ'' (ਆਇਤ 8)।

ਦ੍ਰਿਸ਼ਟਾਂਤ ਦੱਸਣ ਦੇ ਬਾਅਦ ਯਿਸੂ ਨੇ ਆਖਿਆ, ''ਜਿਹ ਦੇ ਕੰਨ ਹੋਣ ਸੋ ਸੁਣੇ'' (ਆਇਤ 9)। ਉਸ ਦੇ ਜ਼ੋਰ ਦਿੱਤਾ ਕਿ ਉਹ ਕਹਾਣੀ ਸੁਣ ਕੇ ਭੁੱਲ ਜਾਣ ਵਾਲੀ ਨਹੀਂ ਸੀ। ਉਹ ਆਪਣੇ ਸੁਣਨ ਵਾਲਿਆਂ ਨੂੰ ਇਸ ਦਾ ਮਤਲਬ ਸਮਝਣ ਲਈ ਚੁਣੌਤੀ ਦੇ ਰਿਹਾ ਸੀ।

## ਪ੍ਰਸੰਗਕਤਾ (ਮੱਤੀ 13:10, 18-23; ਮਰਕੁਸ 4:10, 13-20; ਲੂਕਾ 8:9, 11-15)

ਯਿਸੂ ਦੇ ਚੇਲਿਆਂ ਨੇ ਨੇੜੇ ਆਣ ਕੇ ਪੁੱਛਿਆ ਕਿ ਉਹ ਦ੍ਰਿਸ਼ਟਾਂਤਾਂ ਵਿਚ ਕਿਉਂ ਗੱਲਾਂ ਕਰਦਾ

ਹੈ (ਮੱਤੀ 13: 10) ਅਤੇ ਇਸ ਦ੍ਰਿਸ਼ਟਾਂਤ ਦਾ ਕੀ ਮਤਲਬ ਹੈ (ਲੂਕਾ 8: 9)। ਤਦ ਯਿਸੂ ਨੇ ਉਨ੍ਹਾਂ ਨੂੰ ਇਸ ਦਾ ਮਤਲਬ ਸਮਝਾਇਆ। ਉਹ ਦੱਸਣ ਲੱਗਾ, ''ਸੋ ਤੁਸੀਂ ਬੀਜਣ ਵਾਲੇ ਦਾ ਦ੍ਰਿਸ਼ਟਾਂਤ ਸੁਣੋ'' (ਮੱਤੀ 13: 18)।

ਜ਼ਮੀਨਾਂ ਦੀ ਉਸਦੀ ਵਿਆਖਿਆ ਨੂੰ ਸਮਝਾਉਣ ਤੋਂ ਪਹਿਲਾਂ ਬੀਜ ਬੀਜਣ ਵਾਲੇ ਅਤੇ ਖੇਤ ਦੇ ਮਹੱਤਵ ਨੂੰ ਸਮਝ ਲੈਣਾ ਜ਼ਰੂਰੀ ਹੈ। ਪਹਿਲਾ, *ਬੀਜ* ਉੱਤੇ ਵਿਚਾਰ ਕਰੋ: ਯਿਸੂ ਨੇ ਕਿਹਾ, '' ਦ੍ਰਿਸ਼ਟਾਂਤ ਇਉਂ ਹੈ ਕਿ ਬੀਜ ਪਰਮੇਸ਼ੁਰ ਦਾ ਵਚਨ ਹੈ'' (ਲੂਕਾ 8: 11)। ਫਿਰ, ਉਸ ਨੇ ਕਿਹਾ ''ਬੀਜਣ ਵਾਲਾ ਵਚਨ ਬੀਜਦਾ ਹੈ'' (ਮਰਕੁਸ 4: 14)। ਬੀਜ ''ਪਰਮੇਸ਼ੁਰ ਦੇ ਵਚਨ ਦੇ ਰਾਹੀਂ ਜਿਹੜਾ ਜੀਉਂਦਾ ਅਤੇ ਸਥਿਰ'' ਹੈ, ਨੂੰ ਕਿਹਾ ਗਿਆ ਹੈ (1 ਪਤਰਸ 1:23), ਅਤੇ *ਬੀਜਣ ਵਾਲਾ* ਉਹ ਹੈ ਜੋ ਵਚਨ ਨੂੰ ਬੀਜਦਾ ਜਾਂ ਖਿਲਾਰਦਾ ਹੈ, ਅਰਥਾਤ ਸਿਖਾਉਣ ਵਾਲਾ ਜਾਂ ਪ੍ਰਚਾਰਕ। ਆਪਣੇ ਪੈਗਾਮ ਲਈ ਪੌਲੁਸ ਨੇ ਕਿਹਾ, ''ਮੈਂ ਲਾਇਆ'' (1 ਕੁਰਿੰਥੀਆਂ 3:6)। *ਖੇਤ* ਕਿੱਥੇ ਹੈ? ਲੋਕਾਂ ਦਾ ਦਿਲ ਜਾਂ ਮਨ। ਮਨ ਹੀ ਹੈ, ਜੋ ਵਚਨ ਨੂੰ ਮੰਨਣ ਦੀ ਕਾਬਲੀਅਤ ਰੱਖਦਾ ਹੈ। ਯਿਸੂ ਨੇ ਚੰਗੀ ਜ਼ਮੀਨ ''ਵਚਨ ਨੂੰ ਚੰਗੇ ਅਤੇ ਖਰੇ ਦਿਲ ਵਿਚ ਸਾਂਭੀ'' ਰੱਖਣ ਵਾਲੇ ਨੂੰ ਕਿਹਾ (ਲੂਕਾ 8: 15)।

ਇੱਥੇ ਦ੍ਰਿਸ਼ਟਾਂਤ ਦਾ ਦਬਾਉ ਹੈ ਕਿ ਹਰ ਹਲਾਤ ਵਿਚ ਬੀਜ ਅਤੇ ਬੀਜਣ ਵਾਲਾ ਇਕ ਹੀ ਹੈ: ਅੰਤਰ ਸੀ ਤਾਂ ਜ਼ਮੀਨਾਂ ਵਿਚ।[7] ਬੀਜ ਨੂੰ ਮੰਨਣ ਲਈ ਹਰ ਜ਼ਮੀਨ ਦੀ ਵੱਖ ਹਲਾਤ ਸੀ, ਜਿਸ ਦਾ ਹਰ ਥਾਂ ਵੱਖ ਵੱਖ ਨਤੀਜਾ ਨਿਕਲਦਾ ਹੈ। ਇਸ ਦ੍ਰਿਸ਼ਟਾਂਤ ਤੋਂ ਸਾਡੇ ਵਿੱਚੋਂ ਹਰ ਇਕ ਨੂੰ ਆਪ ਤੋਂ ਪੁੱਛਣ ਲਈ ਕਾਰਨ ਹੋਣਾ ਚਾਹੀਦਾ ਹੈ, ''ਮੇਰਾ ਮਨ ਕਿਹੋ ਜਿਹਾ ਹੈ? ਮੈਂ ਵਚਨ ਨੂੰ ਕਿਵੇਂ ਮੰਨਦਾ/ ਮੰਨਦੀ ਹਾਂ?''

ਆਓ, ਹੁਣ ਮਨ ਦੀਆਂ ਚਾਰ ਕਿਸਮਾਂ ਦੀ ਵੱਖ ਵੱਖ ਜ਼ਮੀਨ ਦੀ ਯਿਸੂ ਦੀ ਵਿਆਖਿਆ ਨੂੰ ਵੇਖਦੇ ਹਾਂ।

**ਪਹੇ ਕੰਢੇ ਵਾਲੀ ਜ਼ਮੀਨ: ਸਖ਼ਤ ਦਿਲ ਲੋਕ**

ਪਹੇ ਕੰਢੇ ਦੀ ਜ਼ਮੀਨ ਉਦਾਸੀਨਤਾ ਜਾਂ ਮੁਤਅੱਸਬੀ ਸੋਚ ਅਤੇ ''ਪਾਪ ਦੇ ਧੋਖੇ ਨਾਲ ਕਠੋਰ'' (ਇਬਰਾਨੀਆਂ 3: 13) ਹੋਣ ਵਾਲੇ *ਸਖ਼ਤ ਦਿਲ* ਨੂੰ ਦਰਸਾਉਂਦੀ ਹੈ। ਜੇ ਤੁਸੀਂ ਕਦੇ ਕਿਸੇ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਹੋਵੇ, ਤਾਂ ਅਜਿਹੇ ਲੋਕ ਮਿਲੇ ਹੋਣਗੇ, ਜਿਨ੍ਹਾਂ ਦੀ ਇੰਜੀਲ ਵਿਚ ਕੋਈ ਦਿਲਚਸਪੀ ਨਹੀਂ ਸੀ। ਪੌਲੁਸ ਨੇ 1 ਕੁਰਿੰਥੀਆਂ 2: 14 ਵਿਚ ਅਜਿਹੇ ਆਦਮੀ ਲਈ ਕਿਹਾ ਹੈ: ''ਪਰ ਪ੍ਰਾਣਿਕ ਮਨੁੱਖ ਪਰਮੇਸ਼ੁਰ ਦੇ ਆਤਮਾ ਦੀਆਂ ਗੱਲਾਂ ਨੂੰ ਕਬੂਲ ਨਹੀਂ ਕਰਦਾ ਕਿਉਂ ਜੋ ਉਹ ਉਸ ਦੇ ਲੇਖੇ ਮੂਰਖਤਾਈ ਹਨ ਅਤੇ ਉਹ ਉਨ੍ਹਾਂ ਨੂੰ ਨਹੀਂ ਜਾਣ ਸਕਦਾ ਇਸ ਲਈ ਜੋ ਆਤਮਿਕ ਰੀਤ ਨਾਲ ਉਨ੍ਹਾਂ ਦੀ ਜਾਚ ਕਰੀਦੀ ਹੈ।'' ਉਸ ਵਿਚ ''ਸਚਿਆਈ ਨਾਲ ਪ੍ਰੇਮ'' (2 ਥੱਸਲੁਨੀਕੀਆਂ 2: 10) ਦੀ ਘਾਟ ਰਹਿੰਦੀ ਹੈ। ਵਚਨ ਦਾ ਬੀਜ ਉਸ ਦੇ ਮਨ ਤੇ ਅਸਰ ਨਹੀਂ ਕਰ ਸਕਦਾ।

ਇਸ ਕਾਰਨ ਯਿਸੂ ਨੇ ਕਿਹਾ, ''ਹਰ ਕੋਈ ਜੋ ਰਾਜ ਦਾ ਵਚਨ ਸੁਣਦਾ ਹੈ ਪਰ ਨਹੀਂ ਸਮਝਦਾ ਸੋ ਉਹ ਦੇ ਮਨ ਵਿਚ ਜੋ ਕੁਝ ਬੀਜਿਆ ਹੋਇਆ ਹੈ ਦੁਸ਼ਟ ਆਣ ਕੇ ਉਹ ਨੂੰ ਖੋਹ ਲੈਂਦਾ ਹੈ ਇਹ ਉਹ ਹੈ ਜਿਹੜਾ ਪਹੇ ਵੱਲ ਬੀਜਿਆ ਗਿਆ ਸੀ'' (ਮੱਤੀ 13: 19)। ਜਿਵੇਂ ਪਹੇ ਕੰਢੇ ਤੋਂ ਬੀਜ ਪੰਛੀ ਚੁੱਗ ਲੈਂਦੇ ਹਨ, ਉਵੇਂ ਹੀ ਸ਼ੈਤਾਨ ਸਖ਼ਤ ਦਿਲ ਵਾਲੇ ਬੰਦੇ ਤੋਂ ਕਲਾਮ ਨੂੰ ਖੋਹ ਲੈਂਦਾ ਹੈ। ਉਹ ਕਿਵੇਂ? ਸਭ ਤੋਂ ਸੌਖਾ ਅਤੇ ਅਸਾਨ ਤਰੀਕਾ ਉਸ ਦੇ ਮਨ ਵਿਚ ਹਜਾਰਾਂ ਹੋਰ ਵਿਚਾਰ ਪਾਉਂਦਾ ਹੈ। ਸ਼ੈਤਾਨ ਇਵੇਂ ਕਿਉਂ ਕਰਦਾ ਹੈ? ''... ਕਿਤੇ ਅਜਿਹਾ ਨਾ ਹੋਵੇ ਜੋ ਓਹ ਨਿਹਚਾ ਕਰ ਕੇ ਬਚਾਏ ਜਾਣ'' (ਲੂਕਾ 8: 12)। ਸੁਣਨਾ ਮਸੀਹ ਦੇ ਵਚਨ ਤੋਂ ਆਉਂਦਾ ਹੈ (ਰੋਮੀਆਂ 10: 17), ਅਤੇ ਸ਼ੈਤਾਨ ਨਹੀਂ ਚਾਹੁੰਦਾ ਕਿ ਲੋਕ ਵਚਨ ਨੂੰ ਸੁਣ ਕੇ ਨਿਹਚਾ ਕਰਨ। ਉਹ ਚਾਹੁੰਦਾ ਹੈ ਕਿ ਵੱਧ ਤੋਂ ਵੱਧ ਲੋਕ ਉਸ ਦੇ ਨਾਲ ਨਰਕ ਵਿਚ ਜਾਣ।

ਕੀ ਇਹ ਹੋ ਸਕਦਾ ਹੈ ਕਿ ਇਨ੍ਹਾਂ ਗੱਲਾਂ ਨੂੰ ਪੜ੍ਹਨ ਵਾਲੇ ਕਿਸੇ ਆਦਮੀ ਦਾ ਮਨ ਇਹੋ ਜਿਹਾ ਹੀ ਹੋਵੇ? ਕੀ ਇਹ ਹੋ ਸਕਦਾ ਹੈ ਕਿ ਕਿਸੇ ਨੇ ਵਚਨ ਨੂੰ ਮੰਨਣ ਦੇ ਵਿਰੁੱਧ ਆਪਣੇ ਮਨ ਨੂੰ ਸਖ਼ਤ ਕੀਤਾ ਹੋਵੇ। ਬਾਈਬਲ ਬੇਨਤੀ ਕਰਦੀ ਹੈ, ''ਅੱਜ ਜੇ ਤੁਸੀਂ ਉਹ ਦੀ ਅਵਾਜ਼ ਸੁਣੋ, ਤਾਂ ਆਪਣੇ ਦਿਲਾਂ ਨੂੰ ਕਠੋਰ ਨਾ ਕਰੋ'' (ਇਬਰਾਨੀਆਂ 4:7)। ਸਗੋਂ, ''ਉਸ ਬੀਜੇ ਹੋਏ ਵਚਨ ਨੂੰ ਜਿਹੜਾ ਤੁਹਾਡੀਆਂ ਜਾਨਾਂ ਨੂੰ ਬਚਾ ਸਕਦਾ ਹੈ ਨਰਮਾਈ ਨਾਲ ਕਬੂਲ ਕਰ ਲਓ'' (ਯਾਕੂਬ 1:21)। ਯਾਦ ਰੱਖੋ: ਬੀਜ ਨੂੰ ਗੁਆਉਣ ਦਾ ਮਤਲਬ ਜ਼ਿੰਦਗੀ ਨੂੰ ਗੁਆਉਣਾ ਹੈ ... ਕਿਉਂਕਿ ਰੂਹਾਨੀ ਜ਼ਿੰਦਗੀ ਤਾਂ ਬੀਜ ਵਿਚ ਹੀ ਹੈ!

**ਪਥਰੀਲੀ ਜ਼ਮੀਨ: ਉਤਲੇ ਮਨ**

ਫਿਰ ਯਿਸੂ ਨੇ ਪਥਰੀਲੀ ਜ਼ਮੀਨ ਦਾ ਮਤਲਬ ਸਮਝਾਇਆ, ''ਜਿਹੜਾ ਪਥਰੀਲੀ ਜ਼ਮੀਨ ਵਿਚ ਬੀਜਿਆ ਗਿਆ ਸੋ ਉਹ ਹੈ ਜੋ ਵਚਨ ਸੁਣ ਕੇ ਝੱਟ ਖੁਸ਼ੀ ਨਾਲ ਉਸ ਨੂੰ ਮੰਨ ਲੈਂਦਾ ਹੈ'' (ਮੱਤੀ 13:20)। ਪਥਰੀਲੀ ਜ਼ਮੀਨ ਸਤਹੀ ਮਨ ਵਾਲੇ ਥੋਥੇ ਬੰਦੇ ਦਾ ਵਰਣਨ ਹੈ। ਹੋ ਸਕਦਾ ਹੈ ਕਿ ਤੁਹਾਨੂੰ ਕੋਈ ਅਜਿਹਾ ਆਦਮੀ ਮਿਲਿਆ ਹੋਵੇ ਕਿ ਲਗਦਾ ਹੋਵੇ ਕਿ ਉਸ ਨੇ ਖੁਸ਼ੀ ਨਾਲ ਸਚਿਆਈ ਨੂੰ ਮੰਨ ਲਿਆ ਹੈ। ਉਹ ਖੁਸ਼ਖ਼ਬਰੀ ਨੂੰ ਛੇਤੀ ਨਾਲ ਮੰਨ ਲੈਂਦਾ ਹੈ, ਅਤੇ ਸਾਡੇ ਵਿੱਚੋਂ ਹਰ ਕੋਈ ਅਨੰਦ ਕਰਨ ਲਗਦਾ ਹੈ। ਕਿੰਨੀ ਚੰਗੀ ਗੱਲ ਹੈ ਕਿ ਇਸ ਨੂੰ ਮਸੀਹੀ ਬਣਨ ਵਿਚ ਐਨਾ ਘੱਟ ਸਮਾਂ ਲੱਗਾ!'' ਫਿਰ ਓਨੀ ਹੀ ਛੇਤੀ ਉਸ ਦੀ ਦਿਲਚਸਪੀ ਖ਼ਤਮ ਹੋਣ ਲਗਦੀ ਹੈ ਅਤੇ ਉਸ ਨਾਲ ਸਾਡੇ ਮਨ ਦੁਖੀ ਹੁੰਦੇ ਹਨ। ਇਹ ਆਦਮੀ ਉਸ ਬੂਟੇ ਵਾਂਗ ਹੈ, ਜੋ ਡੂੰਘੀ ਮਿੱਟੀ ਨਾ ਮਿਲਣ ਦੇ ਕਾਰਨ ਛੇਤੀ ਉੱਗ ਜਾਂਦਾ ਹੈ। ਕਾਰਨ ਜੋ ਵੀ ਹੋਵੇ, ਇਸ ਬੰਦੇ ਨੇ ਸਚਿਆਈ ਵਿਚ ਜੜ੍ਹ ਨਹੀਂ ਫੜੀ ਹੈ।[8] ਉਹ ਮਸੀਹੀਅਤ ਦੀ ਅਸਲ ਅਹਿਮੀਅਤ ਨੂੰ ਸਮਝਣ ਵਿਚ ਨਾਕਾਮ ਰਹਿੰਦਾ ਹੈ।

ਯਿਸੂ ਦੀ ਵਿਆਖਿਆ ਦੇ ਅਨੁਸਾਰ, ਇਹੋ ਜਿਹਾ ਆਦਮੀ ''ਆਪਣੇ ਵਿਚ ਜੜ੍ਹ ਨਹੀਂ ਰੱਖਦਾ ਹੈ, ਤਾਂ ਵੀ ਥੋੜ੍ਹਾ ਚਿਰ ਰਹਿੰਦਾ ਹੈ'' (ਮੱਤੀ 13:21)। ਵਿਚ ''ਆਰਜ਼ੀ ਤੌਰ ਤੇ'' ਹੈ। ਪਹਿਲੀ ਕਿਸਮ ਵਾਲੀ ਜ਼ਮੀਨ ਤੋਂ ਚੰਗਾ ਲਗਦਾ ਹੈ, ਪਰ ''ਅੰਤ ਤੋੜੀ'' (ਮੱਤੀ 10:22) ਨਹੀਂ ਰਹਿੰਦਾ। KJV ਵਿਚ ਉਹ ''ਥੋੜ੍ਹੀ ਦੇਰ'' ਰਹਿੰਦਾ ਹੈ। ਫਿਰ, ਉਸ ਦਾ ਨਤੀਜਾ ਵੀ ਉਹੀ ਹੁੰਦਾ ਹੈ: ''... ਪਰ ਜਾਂ ਵਚਨ ਦੇ ਕਾਰਣ ਦੁੱਖ ਜਾਂ ਜ਼ੁਲਮ ਹੁੰਦਾ ਤਾਂ ਉਹ ਝੱਟ ਠੋਕਰ ਖਾਂਦਾ ਹੈ'' (ਮੱਤੀ 13:21)। ਜਿਵੇਂ ਜੜ੍ਹ ਉੱਤੇ ਹੋਣ ਕਰਕੇ ਬੂਟਾ ਸੂਰਜ ਦੀ ਰੌਸ਼ਨੀ ਨਾਲ ਸੁੱਕ ਜਾਂਦਾ ਹੈ, ਉਵੇਂ ਹੀ ਇਹ ਆਦਮੀ ਵੀ ਦੁੱਖ ਅਤੇ ਤਕਲੀਫ਼ ਆਉਣ ਤੋਂ ਪਹਿਲਾਂ ਮੁਰਝਾ ਜਾਂਦਾ ਹੈ। ਜਿਵੇਂ ਚੰਗੀ ਤਰ੍ਹਾਂ ਜੜ੍ਹ ਫੜੇ ਬੂਟੇ ਨੂੰ ਸੂਰਜ ਤੋਂ ਤਾਕਤ ਮਿਲਦੀ ਹੈ ਅਤੇ ਡੂੰਘੀ ਜੜ੍ਹ ਨਾ ਰੱਖਣ ਵਾਲੇ ਬੂਟੇ ਸੁੱਕ ਜਾਂਦੇ ਹਨ, ਉਵੇਂ ਹੀ ਦੁੱਖ ਵਿਚ ਜੜ੍ਹ ਰੱਖਣ ਵਾਲੇ[9] ਮਸੀਹੀ ਨੂੰ ਤਾਕਤ ਦਿੰਦੇ ਹਨ ਅਤੇ ਘੱਟ ਡੂੰਘੇ ਚੇਲੇ ਮੁਰਝਾ ਜਾਂਦੇ ਹਨ।[10]

ਦ੍ਰਿਸ਼ਟਾਂਤ ਵਿਚ *''ਝੱਟ''* ਸ਼ਬਦ ਦੇ ਦੁਹਰਾਏ ਜਾਣ ਤੇ ਧਿਆਨ ਦਿਓ: ਉਸ ਨੇ ''*ਝੱਟ* ਖੁਸ਼ੀ ਨਾਲ'' ਵਚਨ ਨੂੰ ਮੰਨ ਲਿਆ, ਪਰ ਜਦ ਪਤਾ ਲੱਗਾ ਕਿ ਵਚਨ ਦੇ ਕਾਰਨ ਦੁੱਖ ਆਇਆ ਹੈ, ਤਾਂ ਉਹ *''ਝੱਟ''* ਡਿੱਗ ਗਿਆ। ਜਦੋਂ ਉਹਨੂੰ ਪਤਾ ਲੱਗਾ ਕਿ ਤਾਜ ਦੇ ਰਾਹ ਵਿਚ ਸਲੀਬ ਵੀ ਹੈ ਤਾਂ ਉਸ ਨੇ ਸਲੀਬ ਤੋਂ ਬਚਣ ਲਈ ਤਾਜ ਨੂੰ ਛੱਡ ਦਿੱਤਾ।

ਮੈਂ ਆਸ ਕਰਦਾ ਹਾਂ ਕਿ ਇਹ ਗੱਲਾਂ ਤੁਹਾਡੇ ਉੱਤੇ ਲਾਗੂ ਨਹੀਂ ਹੁੰਦੀਆਂ। ਇਹ ਵੇਖਣ ਲਈ ਕਿ ਤੁਸੀਂ ''ਕਿੰਨੀ ਜੜ੍ਹ ਫੜੀ'' ਹੈ, ਤੁਹਾਨੂੰ ਇਹ ਵੇਖਣਾ ਹੋਵੇਗਾ ਕਿ ਤੁਸੀਂ ਦੁੱਖ ਨੂੰ ਕਿੱਥੋਂ ਤਕ ਝੱਲ ਸਕਦੇ ਹੋ। ਘੱਟ ਡੂੰਘੇ ਮਸੀਹੀ ਦਿੱਖਣ ਵਾਲੇ ਤਦ ਤਕ ਹੋਰਨਾਂ ਮਸੀਹੀ ਲੋਕਾਂ ਵਾਂਗ ''ਤੰਦਰੁਸਤ'' ਲਗਦਾ ਹੈ, ਜਦ ਤਕ ਖ਼ੁਦਾ ਦੀ ਆਗਿਆ ਮੰਨਣ ਤੋਂ ਆਗਿਆ ਤੋੜਨਾ ਸੌਖਾ ਹੁੰਦਾ ਹੈ:

- ਜਦ ਤਕ ਬਾਈਬਲ ਅਧਿਐਨ ਵਿਚ ਜਾਣ ਨਾਲੋਂ ਰਜਾਈ ਵਿਚ ਰਹਿਣਾ ਸੌਖਾ ਹੋਵੇ।

- ਜਦ ਤਕ ਬੰਦਗੀ ਵਿਚ ਜਾਣ ਨਾਲੋਂ ਮੱਛੀ ਫੜਨ ਜਾਣਾ ਸੌਖਾ ਹੋਵੇ।
- ਜਦ ਤਕ ਕਿਸੇ ਨੂੰ ਵਚਨ ਸੁਣਾਉਣ ਨਾਲੋਂ ਚੁੱਪ ਰਹਿਣਾ ਸੌਖਾ ਹੋਵੇ।
- ਜਦ ਤਕ ''ਜਗਤ ਦਾ ਚਾਨਣ'' ਬਣਨ ਦੀ ਬਜਾਇ ਸੰਸਾਰ ਦੇ ਨਾਲ ਚੱਲਣਾ ਅਸਾਨ ਹੋਵੇ।
- ਜਦ ਤਕ ਸਚਿਆਈ ਉੱਤੇ ਮਜ਼ਬੂਤੀ ਨਾਲ ਖੜੇ ਰਹਿਣ ਦੀ ਬਜਾਏ ਬੁਰਿਆਈ ਨੂੰ ਅਣਵੇਖਿਆ ਹੋਣ ਦੇਣਾ ਅਸਾਨ ਹੋਵੇ।[11]

*ਤੁਹਾਡੀ* ਪ੍ਰਤੀਕਿਰਿਆ ਕੀ ਹੁੰਦੀ ਹੈ ''ਜਦ ਵਚਨ ਦੇ ਕਾਰਣ ਦੁੱਖ ਜਾਂ ਕਲੇਸ਼ ਆਉਂਦਾ ਹੈ''? ਜੇ ਤੁਸੀਂ ਦਿਖਾਵਟੀ ਮਸੀਹੀ ਹੋ ਤਾਂ ਮੇਰੀ ਦੁਆ ਹੈ ਕਿ ਤੁਸੀਂ ਨਵੇਂ ਸਿਰਿਓਂ ਆਪਣੀ ਜ਼ਿੰਦਗੀ ਦੇ ਕੇ ਆਪਣੀਆਂ ਜੜ੍ਹਾਂਖ਼ੁਦਾ ਦੇ ਵਚਨ ਵਿਚ ਹੋਰ ਡੂੰਘੀਆਂ ਕਰੋ।

**ਝਾੜੀਆਂ ਵਾਲੀ ਜ਼ਮੀਨ: ਦੁਚਿੱਤਾ ਮਨ**[12]

ਇਸ ਦੇ ਬਾਅਦ ਅਸੀਂ ਝਾੜੀਆਂ ਵਾਲੀ ਜ਼ਮੀਨ ਦੀ ਗੱਲ ਕਰਦੇ ਹਾਂ। ਯਿਸੂ ਨੇ ਇਸ ਕਿਸਮ ਦੀ ਜ਼ਮੀਨ ਦੀ ਇਹ ਵਿਆਖਿਆ ਦਿੱਤੀ: ''ਜਿਹੜਾ ਕੰਡਿਆਲਿਆਂ ਵਿਚ ਬੀਜਿਆ ਗਿਆ ਸੋ ਉਹ ਹੈ ਜੋ ਵਚਨ ਨੂੰ ਸੁਣਦਾ ਹੈ ਪਰ ਇਸ ਜੁੱਗ ਦੀ ਚਿੰਤਾ ਅਤੇ ਧਨ ਦਾ ਧੋਖਾ ਵਚਨ ਨੂੰ ਦਬਾ ਲੈਂਦਾ ਹੈ ਅਤੇ ਉਹ ਅਫੱਲ ਰਹਿ ਜਾਂਦਾ ਹੈ'' (ਮੱਤੀ 13:22)।

ਮੇਰੇ ਵਿਚਾਰ ਨਾਲ, ਇਹ ਇਸ ਦ੍ਰਿਸ਼ਟਾਂਤ ਵਿਚ ਵਰਣਨ ਕਰਨਾ ਸਭ ਤੋਂ ਦੁਖ ਵਾਲਾ ਹਲਾਤ ਹੈ। ਜਿਵੇਂ ਇਹ ਜ਼ਮੀਨ ਵੇਖਣ ਵਿਚ ਉਪਜਾਊ ਅਤੇ ਦੁੰਮਟੀ ਹੈ ਉਵੇਂ ਹੀ ਉਹ ਆਦਮੀ ਹੈ, ਜੋ ਦਾਅਵੇ ਬਹੁਤ ਕਰਦਾ ਹੈ। ਉਹ ਨਾ ਤਾਂ ਸਖ਼ਤ ਹੈ ਅਤੇ ਨਾ ਸਤਹੀ ਹੈ; ਉਸਦਾ ਵਰਤਾਅ ਅਤੇ ਸ਼ਖ਼ਸੀਅਤ ਬਹੁਤ ਡੂੰਘਾ ਹੈ। ਉਸ ਵਿਚ ਖ਼ੁਦਾ ਦੀ ਫ਼ਲਦਾਇਕ ਸੰਤਾਨ ਬਣਨ ਦੀ ਕਾਬਲੀਅਤ ਹੈ। ਪਰ ਬਦਕਿਸਮਤੀ ਨਾਲ ਉਸ ਦਾ ਸੰਸਾਰ ''ਕੰਡਿਆਲਿਆਂ'' ਨਾਲ ਭਰਿਆ ਪਿਆ ਹੈ। ਹੋ ਸਕਦਾ ਹੈ ਕਿ ਮੇਰੇ ਵਾਂਗ ਜਿਵੇਂ ਮੈਂ ਬਚਪਨ ਵਿਚ ਗੋਡੀ ਕਰਦਾ ਹੁੰਦਾ ਸਾਂ, ਉਸ ਨੇ ਵੀ ਝਾੜੀਆਂ ਨੂੰ ''ਖਰੋਚ ਦਿੱਤਾ'' ਹੋਵੇ, ਜਿਸ ਨਾਲ ਲਗਦਾ ਨਹੀਂ ਕਿ ਉਹ ਹੈ, ਪਰ ਸੰਸਾਰ ਨਾਲ ਉਨ੍ਹਾਂ ਦਾ ਸਬੰਧ ਹੁਣ ਵੀ ਉਹੀ ਹੈ।

ਅਜਿਹੇ ਆਦਮੀ ਦੇ ਮਸੀਹੀ ਬਣਨ ਤੇ ਉਸ ਦੀ ਸੱਚੀ ਤੌਬਾ ਤੇ ਕਿਸੇ ਤਰ੍ਹਾਂ ਦਾ ਸ਼ੱਕ ਨਹੀਂ ਹੁੰਦਾ। ਪਰ ਆਪਣੇ ਮਨ ਵਿਚ ਮਸੀਹ ਨੂੰ ਪਹਿਲ ਦੇਣ ਨਾਲੋਂ (ਮੱਤੀ 6:33) ਉਹ ਇਸ ਜੁੱਗ ਦੀਆਂ ਚਿੰਤਾਵਾਂ (13:22; KJV), ''ਧਨ ਦਾ ਧੋਖਾ'' (ਆਇਤ 22), ''ਇਸ ਜੀਉਣ ਦੇ ਭੋਗ ਵਿਲਾਸ'' (ਲੂਕਾ 8:14) ਅਤੇ ''ਹੋਰਨਾਂ ਚੀਜਾਂ ਦਾ ਆਨੰਦ''(ਮਰਕੁਸ 4:19; KJV) ਨਾਲ ਭਰ ਜਾਂਦਾ ਹੈ। ਜਿਵੇਂ ਜ਼ਮੀਨ ਸਿਰਫ਼ ਕੁਝ ਹੱਦ ਤਕ ਹੀ ਵਨਸਪਤੀ ਨੂੰ ਝੱਲ ਸਕਦੀ ਹੈ, ਉਵੇਂ ਹੀ ਦੋਵੇਂ ਪਾਸੇ ਧਿਆਨ ਰੱਖਣ ਵਾਲਾ ਮਨ ਹੈ: ''ਤੁਸੀਂ ਪਰਮੇਸ਼ੁਰ ਅਤੇ ਮਾਇਆ *[ਦੋਹਾਂ]* ਦੀ ਸੇਵਾ ਨਹੀਂ ਕਰ ਸਕਦੇ ਹੋ'' (ਮੱਤੀ 6:24), ਜਾਂ ਇਵੇਂ ਕਹੋ ਕਿ ਖ਼ੁਦਾ ਅਤੇ ਭੋਗ ਵਿਲਾਸ ਜਾਂ ਖ਼ੁਦਾ ਅਤੇ ਬਾਕੀ ਸਭ ਕੁਝ ਵਿੱਚੋਂ ਇਕ ਨੂੰ ਚੁਣਨਾ ਹੋਵੇਗਾ।

ਉਸ ਦੇ ਮਨ ਦੇ ਸੁਭਾਅ ਦੇ ਕਾਰਨ, ਉਸ ਵਿਚ ਵਚਨ ਦੱਬ ਜਾਂਦਾ ਹੈ। ਵਚਨ ਮਰਦਾ ਜਾਂ ਖਤਮ ਨਹੀਂ ਹੁੰਦਾ, ਬਲਕਿ ਦੱਬਿਆ ਜਾਂਦਾ ਹੈ। ਜਿਵੇਂ ਝਾੜੀਆਂ ਬੂਟਿਆਂ ਨੂੰ ਲੁਕਾ ਲੈਂਦੀਆਂ ਹਨ, ਉਵੇਂ ਹੀ ਉਸ ਆਦਮੀ ਦਾ ਰੂਹਾਨੀ ਜੋਸ਼ ਨਿਚੋੜ ਲਿਆ ਜਾਂਦਾ ਹੈ। ਆਪਣੀਆਂ ਯੋਗਤਾਵਾਂ ਨਾਲ, ਉਹ ਇਕ ਵੱਡਾ ਮਸੀਹੀ ਬਣ ਸਕਦਾ ਸੀ, ਪਰ ਉਸ ਦੀ ਇੱਛਾ ਵੱਡਾ ਵਪਾਰੀ ਜਾਂ ਵੱਡਾ ਨੇਤਾ ਜਾਂ ਕੋਈ ਹੋਰ ਵੱਡਾ ਆਦਮੀ ਬਣਨ ਦੀ ਹੈ।

ਨਤੀਜਾ ਇਹ ਹੈ ਕਿ ਪ੍ਰਭੂ ਦੀ ਸੇਵਾ ਵਿਚ ਉਹ ਬੇਫਲ ਹੈ। ਮਸੀਹ ਨੇ ਕਿਹਾ ਕਿ ਇਸ ਆਦਮੀ ਦਾ ''ਫਲ ਨਹੀਂ ਪੱਕਾ'' (ਮਰਕੁਸ 8:14)। ਜਿਵੇਂ ਪੋਲੇ ਦਾਣੇ ਨੂੰ ਵੇਖਣ ਤੇ ਲਗਦਾ ਹੈ ਕਿ ਇਸ ਵਿਚ ਫਲ ਹੈ, ਇਹ ਆਦਮੀ ਬਾਹਰੀ ਤੌਰ ਤੇ ਮਸੀਹੀ ਲਗਦਾ ਹੈ ਪਰ ਅਸਲ ਵਿਚ ਉਸ ਦੀ ਜ਼ਿੰਦਗੀ

ਅੰਦਰੋਂ ਖਾਲੀ ਹੈ। ਉਸ ਵਿਚ ਮਸੀਹ ਲਈ ਕੋਈ ਫਲ ਨਹੀਂ ਹੈ।[13] ਅਖੀਰ ਵਿਚ ਉਹ ਪਾਏਗਾ ਕਿ ਉਸ ਨੇ ਸੰਸਾਰ ਨੂੰ ਤਾਂ ਪਾ ਲਿਆ ਹੈ, ਪਰ ਆਪਣੀ ਜਾਨ ਨੂੰ ਗੁਆਇਆ ਹੈ (ਮਰਕੁਸ 8:36)।

ਫੇਰ, ਇਹ ਆਪਣੀ ਜਾਂਚ ਕਰਨ ਦਾ ਸਮਾਂ ਹੈ। ਕੀ ਅਸੀਂ ਇਨ੍ਹਾਂ ਵਿੱਚੋਂ ਕਿਸੇ ਮੁਸ਼ਕਿਲ ਨੂੰ ਆਪਣੇ ਰੂਹਾਨੀ ਮਹੱਤਵ ਨੂੰ ਕਮਜ਼ੋਰ ਕਰਨ ਲਈ ਦਿੱਤਾ ਹੈ?

(1) *ਇਸ ਸੰਸਾਰ ਦੀ ਪਰਵਾਹ ਜਾਂ ਫ਼ਿਕਰਾਂ।* ਕੀ ਅਸੀਂ ਮਹੱਤਵਹੀਨ ਮਾਮਲਿਆਂ ਨੂੰ ਪ੍ਰਭੂ ਦੇ ਲਈ ਆਪਣੇ ਆਪ ਨੂੰ ਪੂਰਨ ਤੌਰ ਤੇ ਦੇਣ ਲਈ ਧਿਆਨ ਹਟਾ ਦਿੰਦੇ ਹਾਂ? ਮਾਰਥਾ ਵਾਂਗ, ਅਸੀਂ ''ਬਹੁਤੀਆਂ ਵਸਤਾਂ ਦੀ ਚਿੰਤਾ ਕਰਦੇ ਅਤੇ ਘਬਰਾਉਂਦੇ ਹਾਂ'' (ਲੂਕਾ 10:41) ਕਿ ਸਾਨੂੰ ਯਾਦ ਹੀ ਨਹੀਂ ਰਿਹਾ ਕਿ ਅਸਲ ਵਿਚ ''ਜ਼ਰੂਰੀ'' ਕੀ ਹੈ (ਲੂਕਾ 10:41, 42)?

(2) *ਧਨ ਦਾ ਧੋਖਾ।* ਕੀ ਅਸੀਂ ਧਨ ਨੂੰ ਸਾਨੂੰ ਇਹ ਧੋਖਾ ਦੇਣ ਦੀ ਆਗਿਆ ਦਿੱਤੀ ਹੈ ਕਿ ਇਸ ਨੂੰ ਜਮ੍ਹਾ ਕਰਨਾ ਹੀ ਸਭ ਤੋਂ ਵੱਡੀ ਗੱਲ ਹੈ? ਸਾਨੂੰ ਕੁਝ ਧਨ ਦੀ ਲੋੜ ਜ਼ਰੂਰੀ ਹੈ ਅਤੇ ਉਹ ਵੀ ਸਿਰਫ਼ ਕੁਝ ਸਮੇਂ ਲਈ ਹੀ ਹੈ। ਸਾਨੂੰ ਚਾਹੀਦਾ ਹੈ ਕਿ ਪਾਗਲਪਨ ਦੀ ਦੌੜ ਵਿਚ ''ਅੱਗੇ ਵੱਧਣ'' ਲਈ ਜ਼ਿੰਦਗੀ ਦੀਆਂ ਜ਼ਰੂਰੀ ਗੱਲਾਂ ਨੂੰ ਕਦੇ ਨਜ਼ਰਅੰਦਾਜ਼ ਨਾ ਕਰੀਏ।

(3) *ਭੋਗ ਵਿਲਾਸ।* ਕੀ ਇਹ ਸੰਭਵ ਹੈ ਕਿ ਦੁਨੀਆਦਾਰੀ ਸਾਡੇ ਰੂਹਾਨੀ ਜੀਵਨ ਨੂੰ ਕਮਜ਼ੋਰ ਕਰ ਦੇਵੇ? ਕੀ ਸੰਸਾਰ ਸਾਡੇ ਮਨ ਵਿਚ ਵੱਸ ਰਿਹਾ ਹੈ? ਕੀ ਅਸੀਂ ਖ਼ੁਦਾ ਅਤੇ ਮਨੁੱਖ ਦੀ ਸੇਵਾ ਕਰਨ ਨਾਲੋਂ ''ਅਨੰਦ ਕਰਨ'' ਵਿਚ ਸਮਾਂ ਅਤੇ ਊਰਜਾ ਨਸ਼ਟ ਕਰਦੇ ਹਾਂ?

ਸਾਡੇ ਵਿਚ ਬਹੁਤ ਸਾਰੇ ਲੋਕ ਦੁਵਿਧਾ ਵਿਚ ਪਏ ਹੋਏ ਜਾਂ ਮੁਸ਼ਕਿਲ ਵਿਚ ਪਏ ਮਨ ਦੀ ਇਸ ਸ਼੍ਰੇਣੀ ਵਿਚ ਆਉਂਦੇ ਹਨ। ਸਾਡੇ ਵਿਚ ਗੁਣ ਜਾਂ ਯੋਗਤਾ ਹੈ ਕਿ ਅਸੀਂ ਖ਼ੁਦਾ ਲਈ ਵਰਤੋਂ ਵਿਚ ਆ ਸਕੀਏ, ਪਰ ਅਸੀਂ ਉਸ ਲਈ ਆਪਣੇ ਪਿਆਰ ਉੱਤੇ ਹੋਰ ਦਿਲਚਸਪੀਆਂ ਨੂੰ ਹਾਵੀ ਹੋਣ ਦਿੰਦੇ ਹਾਂ। ਸਾਨੂੰ ਚਾਹੀਦਾ ਹੈ ਕਿ ਅਸੀਂ ਆਪਣੇ ਮਨ ਪ੍ਰਭੂ ਵਿਚ ਲਾਉਣ ਦੀ ਕੋਸ਼ਿਸ਼ ਕਰੀਏ। ਯਿਸੂ ਨੇ ਕਿਹਾ ਸੀ, ''ਧੰਨ ਉਹ ਜਿਹੜੇ ਸ਼ੁੱਧ ਮਨ ਹਨ'' (ਮੱਤੀ 5:8)। ਪੌਲੁਸ ਨੇ ਲਿਖਿਆ ਹੈ: ''ਸੋ ਜੋ ਤੁਸੀਂ ਮਸੀਹ ਦੇ ਨਾਲ ਜਿਵਾਏ ਗਏ ਤਾਂ ਉਤਾਹਾਂ ਦੀਆਂ ਗੱਲਾਂ ਦੇ ਮਗਰ ਲੱਗੇ ਰਹੋ ਜਿੱਥੇ ਮਸੀਹ ਪਰਮੇਸ਼ੁਰ ਦੇ ਸੱਜੇ ਪਾਸੇ ਬੈਠਾ ਹੈ। ਉਤਾਂਹਾਂ ਦੀਆਂ ਗੱਲਾਂ ਉੱਤੇ ਚਿੱਤ ਲਾਓ, ਨਾ ਉਨ੍ਹਾਂ ਉੱਤੇ ਜਿਹੜੀਆਂ ਧਰਤੀ ਉੱਪਰ ਹਨ'' (ਕੁਲੁੱਸੀਆਂ 3:1, 2)।

**ਚੰਗੀ ਜ਼ਮੀਨ: ਨਿਸ਼ਕਪਟ ਅਤੇ ਭਲਾ ਮਨ**

ਅਖ਼ੀਰ ਵਿਚ ਅਸੀਂ ''ਚੰਗੀ ਜ਼ਮੀਨ'' ਤੇ ਆਉਂਦੇ ਹਾਂ, ਜਿਸ ਨੂੰ ਯਿਸੂ ਨੇ ''ਭਲੇ ਅਤੇ ਉੱਤਮ ਮਨ'' ਕਿਹਾ ਹੈ (ਲੂਕਾ 8:15)। ਉਨ੍ਹਾਂ ਦੇ ਮਨ ਸਖ਼ਤ, ਖੋਖਲੇ ਜਾਂ ਦੁਚਿੱਤੇ ਨਹੀਂ ਹਨ। ਉਹ ''ਵਚਨ ਨੂੰ ਸੁਣ ਕੇ ਮੰਨ ਲੈਂਦੇ ਅਤੇ ਫਲ ਦਿੰਦੇ ਹਨ'' (ਮਰਕੁਸ 4:20)। ਉਹ ਵਚਨ ਨੂੰ ''ਸਮਝਾਉਣ'' ਲਈ ਲੋੜੀਂਦੇ ਯਤਨ ਕਰਦੇ ਹਨ (ਮੱਤੀ 13:23)। ਵਚਨ ਨੂੰ ਮੰਨ ਕੇ ਉਹ ਇਸ ਨੂੰ ''ਸਾਂਭੀ ਰੱਖਦੇ ਹਨ'' (ਲੂਕਾ 8:15)। ਉਹ ਉਸ ਮਨੁੱਖ ਵਾਂਗ ਹੈ ਜਿਸਦਾ ਜ਼ਿਕਰ ਜ਼ਬੂਰ ਲਿਖਣ ਵਾਲੇ ਨੇ ਕੀਤਾ ਹੈ ਕਿ ਉਹ ''ਯਹੋਵਾਹ ਦੀ ਵਿਵਸਥਾ ਵਿਚ ਮਗਨ ਰਹਿੰਦਾ'' ਹੈ (ਜ਼ਬੂਰ 1:2)।

ਅਜਿਹੇ ਮਨ ਵਿਚ, ਵਚਨ ਪੁੰਗਰ ਕੇ ਵੱਧਦਾ ਅਤੇ ਆਖਿਰ ਵਿਚ ਫਲ ਲਿਆ ਸਕਦਾ ਹੈ। ਯਿਸੂ ਨੇ ਕਿਹਾ ਕਿ ''ਸੋ ਉਹ ਹੈ ਜੋ ਵਚਨ ਨੂੰ ਸੁਣਦਾ ਅਤੇ ਸਮਝਦਾ ਹੈ। ਉਹ ਜ਼ਰੂਰ ਫਲ ਦਿੰਦਾ ਅਤੇ ਕੋਈ ਸੌ ਗੁਣਾ ਕੋਈ ਸੱਠ ਗੁਣਾ ਕੋਈ ਤੀਹ ਗੁਣਾ ਫਲਦਾ ਹੈ'' (ਮੱਤੀ 13:23)। ਵੱਖ ਵੱਖ ਕਿਸਮ ਦੀ ਮਿੱਟੀ ਵੱਖ ਵੱਖ ਉਪਜ ਦਿੰਦੀ ਹੈ, ਇਸ ਲਈ ਉਪਜ ਦਾ ਇਨਾਮ ਜ਼ਮੀਨ ਤੇ ਹੀ ਨਿਰਭਰ ਕਰਦਾ ਹੈ, ਕਿਤੇ ਸੌ ਗੁਣਾ, ਕਿਤੇ ਸੱਠ ਗੁਣਾ ਅਤੇ ਕਿਤੇ ਤੀਹ ਗੁਣਾ ਜੋ ਕਿ ਚੰਗੀ ਉਪਜ ਹੈ। ਅਖ਼ੀਰ ਵਿਚ ਇੱਥੇ ਬੀਜ ਬੀਜਣ ਨਾਲ ਇੱਛਾ ਮੁਤਾਬਿਕ ਨਤੀਜਾ ਮਿਲਦਾ ਹੈ: ਇਕ ਪਰਿਪੱਕ ਮਸੀਹੀ ਆਪਣੀ

ਜ਼ਿੰਦਗੀ ਵਿਚ ਰੂਹਾਨੀ ਫਲ ਲਿਆਉਂਦਾ ਹੈ!

ਇਕ ਵਾਰ ਫੇਰ, ਆਓ ਅਸੀਂ ਸਾਰੇ ਆਪਣੀ ਵੱਲ ਵੇਖੀਏ। ਮੈਂ ਆਪਣੇ ਆਪ ਤੋਂ ਪੁੱਛਾਂ, ''ਕੀ ਮੇਰਾ ਮਨ ਭਲਾ ਅਤੇ ਉੱਤਮ ਹੈ? ਕੀ ਮੈਂ ਤਾਂਘ ਨਾਲ ਖ਼ੁਦਾ ਦੇ ਵਚਨ ਨੂੰ ਮੰਨਦਾ/ਮੰਨਦੀ ਹਾਂ? ਕੀ ਮੈਂ ਹਰ ਤਰ੍ਹਾਂ ਨਾਲ ਉਸ ਦੀ ਗੱਲ ਮੰਨਣਾ ਚਾਹੁੰਦਾ/ਚਾਹੁੰਦੀ ਹਾਂ?''

ਉਨ੍ਹਾਂ ਸਵਾਲਾਂ ਦਾ ਜਵਾਬ ਦੇਣ ਦਾ ਇਕ ਤਰੀਕਾ ''ਫਲ ਨੂੰ ਪਰਖਣਾ'' ਹੈ। ਯਿਸੂ ਨੇ ਕਿਹਾ, ''ਤੁਸੀਂ ਉਨ੍ਹਾਂ ਦੇ ਫਲਾਂ ਤੋਂ ਉਨ੍ਹਾਂ ਨੂੰ ਪਛਾਣੋਗੇ'' (ਮੱਤੀ 7:16)। ਕੀ ਅਸੀਂ ਆਪਣੀਆਂ ਜ਼ਿੰਦਗੀਆਂ ਵਿਚ ਫਲ ਦਿੱਤਾ ਹੈ? ਕੀ ਸਾਨੂੰ ਖ਼ੁਦਾ ਦੀ ਸੰਤਾਨ ਬਣੇ ਐਨਾ ਸਮਾਂ ਹੋ ਗਿਆ ਹੈ ਕਿ ਖ਼ੁਦਾ ਇਖ਼ਤਿਆਰ ਨਾਲ ਸਾਡੀਆਂ ਜ਼ਿੰਦਗੀਆਂ ਵਿਚ ਫਲ ਦੀ ਆਸ ਕਰ ਸਕੇ।[14] ਮਸੀਹ ਨੇ ਕਿਹਾ, ''ਮੇਰੇ ਪਿਤਾ ਦੀ ਵਡਿਆਈ ਇਸੇ ਤੋਂ ਹੁੰਦੀ ਹੈ ਜੋ ਤੁਸੀਂ ਬਹੁਤਾ ਫਲ ਦਿਓ ਅਰ ਇਉਂ ਤੁਸੀਂ ਮੇਰੇ ਚੇਲੇ ਹੋਵੋਗੇ'' (ਯੂਹੰਨਾ 15:8)। ਪੌਲੁਸ ਨੇ ਕਿਹਾ ਕਿ ਮਸੀਹ ਦੇ ਨਾਲ ਸਾਨੂੰ ''ਖ਼ੁਦਾ ਲਈ ਫਲ'' ਦੇਣ ਲਈ ਮਿਲਾਇਆ ਗਿਆ ਹੈ (ਰੋਮੀਆਂ 7:4)। ਉਸ ਨੇ ਸਾਨੂੰ ਬੇਨਤੀ ਕੀਤੀ ਹੈ ਕਿ ''ਤੁਸੀਂ ਅਜਿਹੀ ਯੋਗ ਚਾਲ ਚੱਲੋ ਜਿਹੜੀ ਪ੍ਰਭੂ ਨੂੰ ਹਰ ਤਰ੍ਹਾਂ ਭਾਵੇ ਅਤੇ ਹਰੇਕ ਸ਼ੁੱਭ ਕਰਮ ਵਿਚ ਫਲਦੇ ਰਹੋ ਅਤੇ ਖ਼ੁਦਾ ਦੀ ਪਛਾਣ ਵਿਚ ਵੱਧਦੇ ਰਹੋ'' (ਕੁਲੁੱਸੀਆਂ 1:10)।

''ਫਲਦੇ ਰਹਿਣ'' ਤੋਂ ਕੀ ਭਾਵ ਹੈ? ''ਫਲ'' ਸ਼ਬਦ ਦਾ ਮਤਲਬ ''ਨਤੀਜਾ'' ਹੋ ਸਕਦਾ ਹੈ।[15] ਪ੍ਰਭੂ ਲਈ ''ਫਲ ਦੇਣ'' ਦਾ ਮਤਲਬ ਹੈ ਕਿ ਵਚਨ ਦਾ ਸਾਡੀਆਂ ਜ਼ਿੰਦਗੀਆਂ ਵਿਚ ਇੱਛਾ ਮੁਤਾਬਿਕ *ਨਤੀਜਾ* ਮਿਲੇ, ਕਿ ਲੋਕ ਸਾਡੀਆਂ ਜ਼ਿੰਦਗੀਆਂ ਤੋਂ ਵਚਨ ਦੇ ਵਿਹਾਰਕ ਨਤੀਜੇ ਨੂੰ ਵੇਖ ਸਕਣ। ਯਿਸੂ ਦੇ ਵਿਹਾਰ ਨੂੰ ਵਿਖਾਉਂਦੇ ਹੋਏ ਅਸੀਂ ਆਪਣੇ ਵਿਹਾਰ ਨਾਲ ''ਫਲ ਲਿਆ ਰਹੇ'' ਹਾਂ। ਲੋਕਾਂ ਦੇ ਨਾਲ ਦਿਆਲਤਾ ਭਰਿਆ ਵਿਹਾਰ ਕਰਦੇ ਅਤੇ ਦੂਜਿਆਂ ਦੀ ਮਦਦ ਕਰਦੇ ਅਸੀਂ ''ਫਲਦੇ'' ਹਾਂ। ਵਿਸ਼ਵਾਸ ਨਾਲ ਬੰਦਗੀ ਅਤੇ ਸਾਡੀ ਵਧਦੀ ਹੋਈ ਸੇਵਾ ਨਾਲ ਰੂਹਾਨੀ ਗੱਲਾਂ ਦੇ ਪ੍ਰਤੀ ਸਾਡੇ ਪਿਆਰ ਨਾਲ ''ਫਲ ਲਿਆਉਣਾ'' ਦਿਖਾਈ ਦਿੰਦਾ ਹੈ। ਖੁਸ਼ਖ਼ਬਰੀ ਨੂੰ ਸੁਣਾ ਕੇ ਦੂਜਿਆਂ ਨੂੰ ਪ੍ਰਭੂ ਦੇ ਨੇੜੇ ਲਿਆਉਂਦੇ ਹੋਏ ਅਸੀਂ ''ਫਲ ਲਿਆ ਰਹੇ'' ਹਾਂ।[16]

ਫੇਰ ਅਸੀਂ ਮਸੀਹ ਦੇ ਸ਼ਬਦਾਂ ਨੂੰ ਦੁਹਰਾਉਂਦੇ ਹਾਂ: ''ਜਿਸ ਦੇ ਕੰਨ ਹੋਣ ਸੋ ਸੁਣੇ'' (ਮੱਤੀ 13:9)। ਇਹ ਆਇਤ ਨਾ ਸਿਰਫ਼ ਸਮਝਾਉਣ ਦੀ ਪੁਕਾਰ ਹੈ, ਸਗੋਂ ਪਾਠ ਦੇ ਸਾਰ ਲਈ ਵੀ ਕੰਮ ਆ ਸਕਦੀ ਹੈ: ਮਸੀਹ ਦੀਆਂ ਗੱਲਾਂ ਨੂੰ ਸੁਣੋ ਅਤੇ ਕਬੂਲ ਕਰੋ, ਤਾਂ ਤੁਸੀਂ ਬਰਕਤ ਪਾਓਗੇ!

## ਸਾਰ

ਪਤਾ ਨਹੀਂ ਪਹਿਲਾਂ ਤੁਸੀਂ ਵਚਨ ਨੂੰ ਕਿਵੇਂ ਮੰਨਦੇ ਹੋ, ਪਰ ਮੈਂ ਤੁਹਾਨੂੰ ਹੁਣ ਇਸ ਨੂੰ ਯਾਕੂਬ ਰਾਹੀਂ ਸਮਝਾਏ ਗਏ ਮਨ ਦੇ ਵਿਹਾਰ ਤੋਂ ਮੰਨਣ ਲਈ ਆਖਦਾ ਹਾਂ:

> ਇਸ ਕਾਰਨ ਤੁਸੀਂ ਹਰ ਪਰਕਾਰ ਦੇ ਗੰਦ ਮੰਦ ਅਤੇ ਬਦੀ ਦੀ ਵਾਫ਼ਰੀ ਨੂੰ ਪਰੇ ਸੁੱਟ ਕੇ ਉਸ ਬੀਜੇ ਹੋਏ ਵਚਨ ਨੂੰ ਜਿਹੜਾ ਤੁਹਾਡੀਆਂ ਜਾਨਾਂ ਨੂੰ ਬਚਾ ਸਕਦਾ ਹੈ ਨਰਮਾਈ ਨਾਲ ਕਬੂਲ ਕਰ ਲਓ। ਪਰ ਵਚਨ ਨੂੰ ਧੋਖਾ ਦੇ ਕੇ ਨਿਰੇ ਸੁਣਨ ਵਾਲੇ ਹੀ ਨਾ ਹੋਵੋ (ਯਾਕੂਬ 1:21, 22)।

ਇੱਥੇ ਬਾਈਬਲ ਦੀਆਂ ਕੁਝ ਮਹੱਤਵਪੂਰਣ ਆਇਤਾਂ ਦੀ ਵਰਤੋਂ ਕੀਤੀ ਗਈ ਹੈ, ਜਿਨ੍ਹਾਂ ਨੂੰ ਹੋ ਸਕਦਾ ਹੈ ਕਿ ਤੁਸੀਂ ਜਾਣਦੇ ਹੋ ਜਾਂ ਹੋ ਸਕਦਾ ਹੈ ਕਿ ਤੁਸੀਂ ਨਾ ਜਾਣਦੇ ਹੋਵੋ।

> ਜਿਹੜਾ ਨਿਹਚਾ ਕਰੇ ਅਤੇ ਬਪਤਿਸਮਾ ਲਏ ਉਹ ਬਚਾਇਆ ਜਾਵੇਗਾ ਪਰ ਜਿਹੜਾ ਪਰਤੀਤ ਨਾ ਕਰੇ ਉਸ ਉੱਤੇ ਸਜ਼ਾ ਦਾ ਹੁਕਮ ਕੀਤਾ ਜਾਵੇਗਾ (ਮਰਕੁਸ 16:16)।

ਤੌਬਾ ਕਰੋ ਅਤੇ ਤੁਹਾਡੇ ਵਿੱਚੋਂ ਹਰੇਕ ਆਪੋ ਆਪਣੇ ਪਾਪਾਂ ਦੀ ਮਾਫ਼ੀ ਲਈ ਯਿਸੂ ਮਸੀਹ ਦੇ ਨਾਮ ਤੇ [ਵਿਚ] ਬਪਤਿਸਮਾ ਲਵੇ ਤਾਂ ਪਵਿੱਤਰ ਆਤਮਾ ਦਾ ਦਾਨ ਪਾਓਗੇ (ਰਸੂਲਾਂ ਦੇ ਕੰਮ 2:38)।

ਹੁਣ ਤੂੰ ਕਿਉਂ ਢਿੱਲ ਕਰਦਾ ਹੈ? ਉੱਠ ਅਤੇ ਉਹ ਦਾ ਨਾਮ ਲੈਂਦਾ ਹੋਇਆ ਬਪਤਿਸਮਾ ਲੈ ਅਤੇ ਆਪਣੇ ਪਾਪ ਧੋ ਸੁੱਟ (ਰਸੂਲਾਂ ਦੇ ਕੰਮ 22:16)।


... ਤੂੰ ਮਰਨ ਤੋੜੀ ਵਫ਼ਾਦਾਰ ਰਹੁ ਤਾਂ ਮੈਂ ਤੈਨੂੰ ਜ਼ਿੰਦਗੀ ਦਾ ਤਾਜ ਦਿਆਂਗਾ (ਪ੍ਰਕਾਸ਼ ਦੀ ਪੋਥੀ 2:10)।[17]

ਮੇਰੀ ਦੁਆ ਹੈ ਕਿ ਤੁਹਾਡਾ ਮਨ ਸੱਚਾ ਅਤੇ ਚੰਗਾ ਹੋਵੇ– ਭਾਵ ਤੁਸੀਂ ਇਨ੍ਹਾਂ ਆਇਤਾਂ ਨੂੰ ਸੁਣੋ, ਗ੍ਰਹਿਣ ਕਰੋ, ਸਮਝੋ, ਮੰਨ ਲਵੋ ਅਤੇ ਫਿਰ ਆਪਣੇ ਦਿਲ ਵਿਚ ਮਜ਼ਬੂਤੀ ਨਾਲ ਰੱਖੋ!

## ਨੋਟਸ

ਇਕ ਅਰਥ ਵਿਚ ਇਸ ਸਰਮਨ ਦਾ ਸੰਦੇਸ਼ ਅਸਾਨ ਹੈ ਜਦ ਕਿ ਦੂਜੇ ਅਰਥ ਵਿਚ ਇਸ ਦਾ ਅਰਥ ਗੰਭੀਰ ਹੈ। ਸਾਨੂੰ ਸਾਰਿਆਂ ਨੂੰ ਬੀ ਬੀਜਣ ਵਾਲੇ ਦੇ ਦ੍ਰਿਸ਼ਟਾਂਤ ਵਿਚਲੀਆਂ ਸੱਚਾਈਆਂ ਨੂੰ ਵਿਚ ਵਿਚ ਚੇਤੇ ਤਕਰਦੇ ਰਹਿਣ ਦੀ ਲੋੜ ਹੈ।

ਚਾਰਟ ਤੋਂ ਪਤਾ ਲਗਦਾ ਹੈ ਕਿ ਸਾਡੇ ਸੁਣਨ ਵਾਲਿਆਂ ਦੇ ਮਨਾਂ ਦੀਆਂ ਵੱਖੋ ਵੱਖ ਕਿਸਮਾਂ ਕਿਹੜੀਆਂ ਹਨ।



ਟਿੱਪਣੀਆਂ

[1]ਇਸ ਪਾਠ ਲਈ ਨੋਟਸ ਮੈਂ ਕਈ ਸਾਲ ਪਹਿਲਾਂ ਬਣਾਏ ਸਨ, ਜਿਸ ਕਰਕੇ ਮੈਨੂੰ ਯਾਦ ਨਹੀਂ ਕਿ ਕਿੱਥੋਂ ਕਿੱਥੋਂ ਮਦਦ ਲੈ ਕੇ ਨੋਟਸ ਬਣਾਏ ਸਨ। ਮੈਨੂੰ ਯਾਦ ਹੈ ਕਿ ਮੈਕਗਰਵੇ ਦੀ *ਫ਼ੋਰਫ਼ੋਲਡ ਗੌਸਪਲ* ਨਾਮਕ ਕਿਤਾਬ ਵਿੱਚੋਂ ਬਹੁਤੇ ਨੋਟਸ ਸਨ, ਅਤੇ ਮੈਨੂੰ ਇਕ ਫ਼ਲਾਲੈਨ ਦੇ ਗ੍ਰਾਫ਼ ਦਾ ਪੈਕੇਟ ਵੀ ਯਾਦ ਹੈ, ਜਿਸ ਤੋਂ ਮੈਨੂੰ ਪ੍ਰਸੰਗਕਤਾ ਅਤੇ ਉਦਾਹਰਣ ਲਈ ਵਿਚਾਰ ਮਿਲੇ। ਉਸ ਦੇ ਇਲਾਵਾ, ਮੈਨੂੰ ਨਹੀਂ ਪਤਾ ਕਿ ਹੋਰ ਕਿਸ ਦਾ ਧੰਨਵਾਦ ਕਰਨਾ ਚਾਹੀਦਾ ਹੈ। ਜੇ ਮੈਂ ਕਿਸੇ ਨੂੰ ਸਿਹਰਾ ਦੇਣਾ ਭੁੱਲ ਗਿਆ ਹਾਂ ਤਾਂ ਇਹਦੇ ਲਈ ਖਿਮਾ ਚਾਹੁੰਦਾ ਹਾਂ। [2]KJV ਵਿਚ ਹੈ ਕਿ ਕੁਝ ਬੀਜ ''ਰਾਹ ਕੰਢੇ'' ਡਿਗ ਪਿਆ। ਜੇ ਤੁਸੀਂ NASB ਦੀ ਸ਼ਬਦਾਵਲੀ ਵਰਤਣਾ ਚਾਹੁੰਦੇ ਹੋ ਤਾਂ ਤੁਸੀਂ ''ਸੜਕ ਕੰਢੇ'' ਵਰਤ ਸਕਦੇ ਹੋ। [3]ਬੋਲਦਿਆਂ ਤੁਹਾਨੂੰ ਚਾਹੀਦਾ ਹੈ ਕਿ ਵੱਖ ਵੱਖ ਤਰ੍ਹਾਂ ਦੀ ਮਿੱਟੀ ਵਿਖਾਓ। [4]ਜ਼ਮੀਨ ਨੂੰ ਵੱਖੋ ਵੱਖ ਅਕਾਰ ਦੇ ਪੱਥਰਾਂ ਨਾਲ ਭਰੀ ਹੋਈ ਨਹੀਂ, ਬਲਕਿ ਪੱਥਰਾਂ ਦੀ ਤਹਿ ਤੇ ਮਿੱਟੀ ਦੀ ਇਕ ਪਤਲੀ ਪਰਤ ਮੰਨੋ। [5]ਜੇ. ਡਬਲਯੂ. ਮੈਕਗਰਵੇ ਐਂਡ ਫ਼ਿੱਲਿਪ ਵਾਈ. ਪੈਂਡਲਟਨ, *ਦ ਫੋਰਫੋਲਡ ਗੌਸਪਲ ਆਰ ਏ ਹਾਰਮਨੀ ਆਫ਼ ਦ ਫੋਰ ਗੌਸਪਲਜ਼* (ਸਿਨਸਿਨਾਟੀ: ਸਟੈਂਡਰਡ, 1914), 330. [6]ਜਿੱਥੇ ਮੈਂ ਰਹਿੰਦਾ ਹਾਂ, ਉੱਥੇ ਮੈਂ ਕਣਕ ਦਾ ਸਿਰ ਜਾਂ ਮੱਕੀ ਦਾ ਕੰਨ ਆਖ ਸਕਦਾ ਹਾਂ। ਆਪਣੇ ਸੁਣਨ ਵਾਲਿਆਂ ਲਈ ਜਾਣੇ ਪਛਾਣੇ ਸ਼ਬਦ ਦੀ ਵਰਤੋਂ ਕਰੋ। [7]ਇਹ ਸੱਚ ਹੈ ਕਿ ਜ਼ਮੀਨ (ਮਨ) ਨੂੰ ਬੀਜਣ ਵਾਲੇ (ਸਿਖਾਉਣ ਵਾਲੇ) ਰਾਹੀਂ ਤਿਆਰ ਕਰਨਾ ਅਤੇ ਉਸ ਨੂੰ ਸਾਫ਼ ਰੱਖਣਾ ਜ਼ਰੂਰੀ ਹੈ, ਪਰ ਇਸ ਦ੍ਰਿਸ਼ਟਾਂਤ ਵਿਚ ਸਿਰਫ਼ ਜ਼ਮੀਨ (ਮਨ) ਦੇ ਹਲਾਤ ਉੱਤੇ ਵਿਚਾਰ ਕੀਤਾ ਗਿਆ ਹੈ। [8]ਪੜ੍ਹੋ ਕੁਲੁੱਸੀਆਂ 1:23; KJV. [9]ਕੁਲੁੱਸੀਆਂ 2:7. [10] ਇਹ ਵਾਕ ਮੈਕਗਰਵੇ ਐਂਡ ਪੈਂਡਲਟਨ, 334 ਤੋਂ ਲਿਆ ਗਿਆ।

[11]ਮੇਰੀਆਂ ਪਰੰਸਗਤਾਵਾਂ ਉੱਥੇ ਮੇਲ ਖਾਂਦੀਆਂ ਹਨ, ਜਿੱਥੇ ਮੈਂ ਰਹਿੰਦਾ ਹਾਂ, ਇਨ੍ਹਾਂ ਨੂੰ ਆਪਣੇ ਇਲਾਕੇ ਅਤੇ ਸੁਣਨ ਵਾਲਿਆਂ ਦੀ ਲੋੜ ਅਨੁਸਾਰ ਬਦਲ ਦਿਓ। [12]ਇਕ ਹੋਰ ਸ਼ਬਦ ''ਪਰੇਸ਼ਾਨ ਮਨ'' ਵਰਤਿਆ ਜਾ ਸਕਦਾ ਹੈ। [13]ਤੁਹਾਨੂੰ ਸਮਝਾਉਣਾ ਪੈ ਸਕਦਾ ਹੈ ਕਿ ਪ੍ਰਭੂ ਲਈ ''ਫਲ ਦੇਣ'' ਤੋਂ ਕੀ ਭਾਵ ਹੈ। ਪਾਠ ਦੇ ਅਖ਼ੀਰ ਦੇ ਨੇੜੇ ਇਸ ਉੱਤੇ ਸੰਖੇਪ ਵਿਚ ਗੱਲਬਾਤ ਕੀਤੀ ਗਈ ਹੈ। [14]ਤੁਸੀਂ ਆਪਣੇ ਸੁਣਨ ਵਾਲਿਆਂ ਵਿਚ ਜਾਣੇ ਪਛਾਣੇ ਬੂਟਿਆਂ ਦੀ ਵਰਤੋਂ ਕਰਦੇ ਹੋਏ ਇਸ ਵਿਚਾਰ ਨੂੰ ਵਿਸਤਾਰ ਦੇ ਸਕਦੇ ਹੋ। ਮੇਰੇ ਕੋਲ ਪੇਕਾਨ (ਅਖਰੋਟ ਵਰਗਾ ਇਕ ਬੂਟਾ) ਦੇ ਸੱਤ ਵੱਡੇ ਵੱਡੇ ਦਰੱਖ਼ਤ ਹਨ, ਜਿਨ੍ਹਾਂ ਦੇ ਨਾਲ ਦੋ ਛੋਟੇ ਦਰੱਖਤ ਵੀ ਹਨ। ਮੈਨੂੰ ਛੋਟੇ ਬੂਟਿਆਂ ਤੋਂ ਫੌਰਨ ਫਲ ਦੀ ਉਮੀਦ ਨਹੀਂ ਸੀ ਅਤੇ ਉਨ੍ਹਾਂ ਵਿਚ ਕੋਈ ਫਲ ਨਹੀਂ ਲਗਦਾ, ਅਤੇ ਉਨ੍ਹਾਂ ਨੂੰ ਕੱਟਿਆ ਜਾਂਦਾ ਹੈ। (ਇਸ ਸਾਲ ਪਹਿਲੀ ਵਾਰ ਉਨ੍ਹਾਂ ਉੱਤੇ ਕੁਝ ਅਖਰੋਟ ਲੱਗੇ ਹਨ, ਇਸ ਲਈ ਹੁਣ ਉਨ੍ਹਾਂ ਨੂੰ ਕੋਈ ਖ਼ਤਰਾ ਨਹੀਂ ਹੈ।) [15]*ਅਮੈਰੀਕਨ ਹੈਰੀਟੇਜ ਡਿਕਸ਼ਨਰੀ,* ਜਿਲਦ ਚੌਥੀ (2001), ਐੱਸ. ਵੀ. ''fruit.'' [16]ਇਸ ਆਇਤ ਨੂੰ ਆਪਣੇ ਇਲਾਕੇ ਦੇ ਹਿਸਾਬ ਨਾਲ ਵਿਸਤਾਰ ਦਿਓ। [17]ਤੁਹਾਡੇ ਸੁਣਨ ਵਾਲਿਆਂ ਤੇ ਨਿਰਭਰ ਕਰਦਾ ਹੈ, ਤੁਸੀਂ ਚਾਹੋ ਤਾਂ ਫਿਰ ਗਏ ਮਸੀਹੀ ਲੋਕਾਂ ਦੀ ਘਰ ਵਾਪਸੀ ਤੇ ਆਇਤਾਂ ਜੋੜ ਸਕਦੇ ਹੋ (ਰਸੂਲਾਂ ਦੇ ਕੰਮ 8:22; ਯਾਕੂਬ 5:16; 1 ਯੂਹੰਨਾ 1:9)।